# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ : 0172-5043244

---

ਵੱਲ :

1.ਸਮੂਹ ਪ੍ਰਿੰਸੀਪਲ ਸਰਕਾਰੀ ਇਨ-ਸਰਵਿਸ ਟਰੇਨਿੰਗ ਸੈਂਟਰ, ਪੰਜਾਬ।
2.ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ
(ਫਤਹਿਗੜ੍ਹ ਸਾਹਿਬ, ਮੋਗਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ,
ਸ.ਭ.ਸ. ਨਗਰ)
3.ਰਾਜ ਦੇ ਸਮੂਹ ਹਾਈ/ਸੀਨੀ.ਸੈਕੰ.ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/2011/**R001541-547**
ਮਿਤੀ, ਚੰਡੀਗੜ੍ਹ : 28-02-2011

ਵਿਸ਼ਾ : ਰਮਸਅ ਸਾਲਾਨਾ ਵਰਕ ਪਲਾਨ 2010-11 ਤਹਿਤ ਅਧਿਆਪਕਾਂ ਦੀ ਤਿੰਨ ਰੋਜ਼ਾ ਕੰਪਿਊਟਰ ਟਰੇਨਿੰਗ ਸੰਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਰਮਸਅ ਤਹਿਤ ਪੰਜਾਬ ਦੇ ਸਾਰੇ ਹਾਈ/ਸੀਨੀ. ਸੈਕੰਡਰੀ ਸਕੂਲਾਂ ਦੇ ਮੁੱਖੀ ਅਤੇ 9ਵੀਂ-10ਵੀਂ ਜਮਾਤਾਂ ਨੂੰ ਪੜ੍ਹਾਉਂਦੇ ਅਧਿਆਪਕਾਂ ਨੂੰ 12 ਘੰਟਿਆਂ ਦੀ ਕੰਪਿਊਟਰ ਟਰੇਨਿੰਗ ਸਕੂਲ ਪੱਧਰ ਤੇ ਹੀ ਸਕੂਲ ਦੇ ਕਿਸੇ ਇੱਕ ਕੰਪਿਊਟਰ ਫੈਕਲਟੀ ਵੱਲੋਂ ਦਿੱਤੀ ਜਾਵੇਗੀ।

3.0 ਕੰਪਿਊਟਰ ਟਰੇਨਿੰਗ ਮਿਤੀ 14 ਮਾਰਚ 2011 ਤੋਂ 19 ਮਾਰਚ 2011 ਤੱਕ ਬਾਅਦ ਦੁਪਹਿਰ 1:20 ਵਜੇ ਤੋਂ 3:20 ਤੱਕ ਕਰਵਾਈ ਜਾਵੇਗੀ।ਕੁੱਲ 12 ਘੰਟਿਆਂ ਦੀ ਇਸ ਟਰੇਨਿੰਗ ਨੂੰ ਤਿੰਨ ਦਿਨ ਦੀ ਟਰੇਨਿੰਗ ਦੇ ਬਰਾਬਰ ਮੰਨ ਲਿਆ ਜਾਵੇਗਾ।

4.0 ਟਰੇਨਿੰਗ ਦਾ ਵਿਸ਼ਾ-ਵਸਤੂ : **(ੳ)** ਕੰਪਿਊਟਰ ਸੰਬੰਧੀ ਮੁੱਢਲੀ ਜਾਣਕਾਰੀ, ਇੰਟਰਨੈੱਟ ਸਰਫਿੰਗ ਅਤੇ ਈ-ਮੇਲ ਕਰਨ ਦੀ ਸਿਖਲਾਈ।
**(ਅ)** Powerpoint Presentation ਤਿਆਰ ਕੀਤੇ ਜਾਣ ਸੰਬੰਧੀ ਸਿਖਲਾਈ ਅਤੇ ਅਭਿਆਸ।

5.0 ਟਰੇਨਿੰਗ ਲਈ ਹਰ ਤਰ੍ਹਾਂ ਦਾ ਲੋੜੀਂਦਾ ਪ੍ਰਬੰਧ ਅਤੇ ਸਮੇਂ ਦੀ ਐਡਜਸਟਮੈਂਟ ਸਕੂਲ ਮੁੱਖੀ ਵੱਲੋਂ ਕੀਤੀ ਜਾਵੇਗੀ।

6.0 ਇਹਨਾਂ ਦਿਨਾਂ ਵਿੱਚ ਬੋਰਡ ਪ੍ਰੀਖਿਆਵਾਂ ਦੌਰਾਨ ਕਿਸੇ ਹੋਰ ਸਕੂਲ/ਪ੍ਰੀਖਿਆ ਕੇਂਦਰ ਵਿਖੇ ਪ੍ਰੀਖਿਆ ਡਿਊਟੀ ਕਰ ਰਹੇ ਅਧਿਆਪਕ ਉਸੇ ਸਕੂਲ ਵਿੱਚ ਹੀ ਟਰੇਨਿੰਗ ਪ੍ਰਾਪਤ ਕਰ ਸਕਦੇ ਹਨ, ਪ੍ਰੰਤੂ ਟਰੇਨਿੰਗ ਪ੍ਰਾਪਤ ਕਰਨ ਦੀ ਸੰਬੰਧਤ ਸਕੂਲ ਦੇ ਮੁੱਖੀ ਦੀ ਤਸਦੀਕੀ ਰਿਪੋਰਟ ਪੇਰੈਂਟ ਸਕੂਲ ਨੂੰ ਪੁੱਜਦੀ ਕੀਤੀ ਜਾਵੇ।ਜਿਹੜੇ ਅਧਿਆਪਕਾਂ ਦੀ ਬੋਰਡ ਪ੍ਰੀਖਿਆਵਾਂ ਦੌਰਾਨ ਸਵੇਰੇ ਅਤੇ ਸ਼ਾਮ ਦੋਵੇਂ ਸ਼ਿਫ਼ਟਾਂ ਵਿੱਚ ਡਿਊਟੀ ਹੋਵੇ, ਨੂੰ ਇਸ ਟਰੇਨਿੰਗ ਤੋਂ ਛੋਟ ਦਿੱਤੀ ਜਾਂਦੀ ਹੈ।

7.0 ਟਰੇਨਿੰਗ ਦਿੱਤੇ ਜਾਣ ਉਪਰੰਤ ਕੰਪਿਊਟਰ ਫੈਕਲਟੀ ਵੱਲੋਂ ਟਰੇਨਿੰਗ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਦਾ ਟੈਸਟ ਆਪਣੇ ਪੱਧਰ ਤੇ ਹੀ ਲਿਆ ਜਾਵੇਗਾ।ਸਕੂਲ ਮੁੱਖੀ ਆਪਣੇ ਸਕੂਲ ਦੇ ਅਧਿਆਪਕਾਂ ਦੁਆਰਾ ਸਫ਼ਲਤਾਪੂਰਵਕ ਟਰੇਨਿੰਗ ਪ੍ਰਾਪਤ ਕਰ ਲਏ ਜਾਣ ਦਾ ਸਰਟੀਫਿਕੇਟ ਸੰਬੰਧਤ ਪ੍ਰਿੰਸੀਪਲ GISTC/DIET (GISTC ਨਾ ਹੋਣ ਦੀ ਸੂਰਤ ਵਿੱਚ) ਨੂੰ ਹਰ ਹਾਲਤ 22-03-2011 ਤੱਕ ਪੁੱਜਦਾ ਕਰਨਗੇ।

8.0 ਤਿੰਨ ਦਿਨ ਦੀ ਕੰਪਿਊਟਰ ਟਰੇਨਿੰਗ ਪ੍ਰਾਪਤ ਕਰਨ ਵਾਲੇ ਸਾਰੇ ਮੁੱਖ ਅਧਿਆਪਕਾਂ/ਅਧਿਆਪਕਾਂ ਨੂੰ ਉੱਕਾ-ਪੁੱਕਾ 50/- ਰੁਪਏ ਪ੍ਰਤੀ ਦਿਨ ਬਤੌਰ ਡੀ.ਏ. ਅਤੇ 20/-ਰੁਪਏ ਸਟੇਸ਼ਨਰੀ ਵਜੋਂ (ਇੱਕ ਵਾਰ) ਦਿੱਤੇ ਜਾਣਗੇ ਅਤੇ ਤਿੰਨ ਰੋਜ਼ਾ ਟਰੇਨਿੰਗ ਪ੍ਰਦਾਨ ਕਰਨ ਵਾਲੇ ਕੰਪਿਊਟਰ ਫੈਕਲਟੀ ਨੂੰ 100/-ਰੁ. ਪ੍ਰਤੀ ਦਿਨ ਬਤੌਰ ਰਿਸੋਰਸ ਪਰਸਨ ਮਾਣ-ਭੱਤਾ ਦਿੱਤਾ ਜਾਵੇਗਾ।

9.0 ਇਸ ਟਰੇਨਿੰਗ ਦੀ ਮੋਨੀਟਰਿੰਗ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਸੰਬੰਧਤ GISTC/DIET ਮੁੱਖੀ ਅਤੇ ਸਟਾਫ਼ ਵੱਲੋਂ ਕੀਤੀ ਜਾਵੇਗੀ।

10.0 ਇਸ ਟਰੇਨਿੰਗ ਦੀ ਮੋਨੀਟਰਿੰਗ ਅਤੇ ਟਰੇਨਿੰਗ ਨਾਲ ਸੰਬੰਧਤ ਹਰ ਖਰਚੇ ਦੀ ਅਦਾਇਗੀ ਸੰਬੰਧਤ ਪ੍ਰਿੰਸੀਪਲ GISTC/DIET ਵੱਲੋਂ ਰਮਸਅ ਦੇ ਟੀਚਰ ਟਰੇਨਿੰਗ ਫੰਡ ਵਿਚੋਂ ਕੀਤੀ ਜਾਵੇਗੀ।

11.0 ਉਪਰੋਕਤ ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਪਿੱਠ ਅੰਕਣ ਨੰ: ਏ.ਐਸ.ਪੀ.ਡੀ/ਰਮਸਅ/2011/ **R001548** ਮਿਤੀ ਚੰਡੀਗੜ੍ਹ: 28.02.2011

ਇਸ ਦਾ ਇਕ ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਪੰਜਾਬ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ